# ਰੋਜਾਨਾ ਕਰਾਈਮ ਡਾਇਰੀ
# ਮਿਤੀ 15-04-2024

| ਲੜੀ ਨੰ: | ਥਾਣਾ | ਮੁਕੱਦਮੇ ਦਾ ਵੇਰਵਾ | ਮੁਦਈ ਦਾ ਪੂਰਾ ਨਾਮ ਤੇ ਟੈਲੀਫੋਨ ਨੰ:/ਮੋਬ: ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮੇ ਦਾ ਵੇਰਵਾ | ਤਫਤੀਸ਼ੀ ਅਫਸਰ ਅਤੇ ਮੋਬ: ਨੰ |
|---|---|---|---|---|---|---|---|
| 1 | ਜੰਡਿਆਲਾ | 92 ਮਿਤੀ 14-4-2024 ਜੁਰਮ: 61-1-14 ਆਬਕਾਰੀ ਐਕਟ | ASI ਹਰਦੀਪ ਸਿੰਘ 9780003375 | ਸਮਸੇਰ ਸਿੰਘ ਉਰਫ ਸੇਰਾ ਪੁੱਤਰ ਤਰਸੇਮ ਸਿੰਘ ਵਾਸੀ ਨਵਾ ਪਿੰਡ ਥਾਣਾ ਜੰਡਿਆਲਾ ਗ੍ਰਿਫਤਾਰ | ਮਨ ਏ.ਐਸ.ਆਈ ਸਮੇਤ ਪੁਲਿਸ ਪਾਰਟੀ ਗਸਤ ਬਾ ਤਲਾਸ ਭੈੜੇ ਪੁਰਸਾ ਦੇ ਸਬੰਧ ਵਿੱਚ ਨਵਾ ਪਿੰਡ ਨੇੜੇ ਮੋਜੂਦ ਸੀ ਕਿ ਮੇਰੇ ਪਾਸ ਮੁਖਬਰ ਖਾਸ ਨੇ ਹਾਜਰ ਆ ਕੇ ਇਤਲਾਹ ਦਿੱਤੀ ਕਿ ਸਮਸੇਰ ਸਿੰਘ ਉਰਫ ਸੇਰਾ ਪੁੱਤਰ ਤਰਸੇਮ ਸਿੰਘ ਵਾਸੀ ਨਵਾ ਪਿੰਡ ਥਾਣਾ ਜੰਡਿਆਲਾ ਥਾਣਾ ਜੰਡਿਆਲਾ ਜੋ ਆਪਣੇ ਘਰ ਵਿੱਚ ਸਰਾਬ ਕੱਢ ਕੇ ਵੇਚਣ ਦਾ ਧੰਦਾ ਕਰਦਾ ਹੈ।ਜਿਸ ਤੇ ਉਕਤ ਦੋਸ਼ੀ ਦੇ ਘਰ ਰੇਡ ਕਰਕੇ ਇਸ ਪਾਸੋ 40 ਬੋਤਲਾ ਨਜਾਇਜ ਸ਼ਰਾਬ ਬਰਾਮਦ ਕਰਕੇ ਮੁੱਕਦਮਾ ਦਰਜ ਰਜਿਸਟਰ ਕਤਿਾ ਗਿਆ | 40 ਬੋਤਲਾ ਨਜਾਇਜ ਸ਼ਰਾਬ | ASI ਹਰਦੀਪ ਸਿੰਘ 9780003375 |
| 2 | ਰਾਜਾਸਾਂਸੀ | 26 ਮਿਤੀ 14-04-2024 ਜੁਰਮ 452,324,326,427,506,148,149 ਭ:ਦ | ਵਿਸ਼ਾਲ ਪੁੱਤਰ ਰਾਜੂ ਵਾਸੀ ਵਾਰਡ ਨੰਬਰ 2 ਰਾਜਾਸਾਂਸੀ ਜਿਲਾ ਅੰਮ੍ਰਿਤਸਰ 20 ਸਾਲ 80549-54209 | 1.ਫਿਰੋਜ<br>2.ਅਕਾਸ਼ ਉਰਫ ਔਕੇ<br>3.ਵਿਨੋਦ<br>4.ਜੈਕੀ<br>5.ਡੈਨੀਅਲ<br>6.ਸਾਹਿਲ<br>ਵਾਸੀ ਨਾ ਮਾਲੂਮ ਗ੍ਰਿਫਤਾਰੀ ਨਿੱਲ | ਮੁਦਈ ਨੇ ਬਿਆਨ ਕੀਤਾ ਕਿ ਮਿਤੀ 26-02-2024 ਵਕਤ ਕ੍ਰੀਬ 6 ਵਜੇ ਸਾਮ ਦਾ ਹੋਵੇਗਾ ਕਿ ਮੈ ਨਵੇ ਅੱਡੇ ਤੇ ਠੇਕੇ ਦੇ ਕੋਲ ਖੜਾ ਸੀ। ਅਚਾਨਕ ਮੈ ਦੇਖਿਆ ਕਿ ਅਕਾਸ਼ ਉਰਫ ਔਕੇ, ਵਿਨੋਦ ਅਤੇ ਇਕ ਅਣਪਛਾਤਾ ਵਿਅਕਤੀ ਮੇਰੇ ਵੱਲ ਆ ਗਏ ਅਤੇ ਅਕਾਸ਼ ਉਰਫ ਔਕੇ ਨੇ ਮੈਨੂੰ ਗਾਲਾ ਕੱਢਣੀਆ ਸ਼ੁਰੂ ਕਰ ਦਿੱਤੀਆਂ ਅਤੇ ਮੈ ਉਸ ਨੂੰ ਹੱਥ ਜੋੜ ਕਿ ਆਖਿਆ ਕਿ ਤੂੰ ਕਿਉ ਮੈਨੂੰ ਗਾਲਾ ਕੱਢ ਰਿਹਾ ਹੈ ਅਕਾਸ਼ ਉਰਫ ਔਕੇ ਨੇ ਕਿਹਾ ਮੈਂ ਤੈਨੂੰ ਦੱਸਦਾਂ ਹਾ ਕਿ ਕਿਉਂ ਤੈਨੂੰ ਗਾਲਾ ਕੱਢ ਰਿਹਾ ਹਾਂ ਅਕਾਸ਼ ਉਰਫ ਔਕੇ ਨੇ ਮੇਰੇ ਮੂੰਹ ਤੇ ਚਪੇੜ ਮਾਰ ਦਿੱਤੀ ਅਤੇ ਵਿਨੋਦ ਅਤੇ ਇਕ ਅਣਪਛਾਤੇ ਵਿਅਕਤੀ ਨੇ ਮੈਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇੰਨੇ ਨੂੰ ਮੇਰੇ ਮੁਹੱਲੇ ਦੇ ਕੁੱਝ ਵਿਅਕਤੀ ਆਂ ਗਏ ਅਤੇ ਜਿਹਨਾਂ ਵਿਚ ਕਰਨ, ਹੈਪੀ, ਗੈਵੀ ਬੱਗੀ, ਰਵੀ ਅਤੇ ਗੁਰਭੇਜ ਸਿੰਘ ਸਨ ਜਿਨ੍ਹਾ ਨੇ ਇਹਨਾ ਨੂੰ ਮੈਨੂੰ ਮਾਰਣ ਕੁੱਟਣ ਤੋ ਰੋਕਿਆ ਅਤੇ ਮੈਨੂੰ ਬਚਾਇਆ। ਫਿਰ ਦੋਸ਼ੀਆਨਂ ਭੀੜ ਇਕੱਠੀ ਹੁੰਦੀ ਦੇਖ ਕੇ ਮੌਕੇ ਤੋ ਭੱਜ ਗਏ। ਇਸ ਤੋ ਬਾਅਦ ਮੈ ਆਪਣੇ ਘਰ ਚਲਾ ਗਿਆ। ਰਾਤ ਆਪਣੇ ਘਰ ਸੀ ਅਚਾਨਕ ਤਕਰੀਬਨ ਸਮਾ 07-15 ਸਾਮ ਦਾ ਹੋਵੇਗਾ ਕਿ ਮੈਨੂੰ ਗਾਲੀ ਗਲੋਚ ਕਰਨ ਦੀਆ ਅਵਾਜਾ ਸੁਣੀਆਂ ਜੋ ਕੁੱਝ ਵਿਅਕਤੀ ਮੇਰੇ ਘਰ ਦੇ ਬਾਹਰ ਆ ਕਿ ਮੇਰਾ ਨਾਮ ਲੈ ਕੇ ਗਾਲਾਂ ਕੱਢ ਰਹੇ ਸਨ। ਫਿਰ ਉਹਨਾਂ ਨੇ ਮੇਰੇ ਗੇਟ ਤੇ ਦਾਤਰ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਮੇਰੇ ਘਰ ਰੋੜੇ ਮਾਰਨੇ ਸੁਰੂ ਕਰ ਦਿੱਤੇ। ਅਕਾਸ਼ ਉਰਫ ਔਕੇ ਘਰ ਦਾ ਗੇਟ ਟੱਪ ਕੇ ਘਰ ਦੇ ਅੰਦਰ ਦਾਖਲ ਹੋ ਗਿਆ ਅਤੇ ਫਿਰ ਅੰਦਰ ਦਾਖਲ ਹੋ ਕਿ ਘਰ ਦਾ ਗੇਟ ਵੀ ਖੋਲ ਦਿੱਤਾ। ਬਾਕੀ ਲੋਕ ਵੀ ਅੰਦਰ ਆ ਗਏ, ਜਿਹਨਾਂ ਵਿਚ ਫਿਰੋਜ ਅਤੇ ਅਕਾਸ਼ ਉਰਫ ਔਕੇ ਕੋਲ ਦਾਤਰ, ਵਿਨੋਦ ਕੋਲ ਡਾਂਗ, ਜੈਕੀ ਕੋਲ ਕਿਰਚ, ਡੈਨੀਅਲ ਕੋਲ ਬੇਸਬਾਲ, ਸਾਹਿਲ ਕੋਲ ਕਰਪਾਨ ਅਤੇ ਲਗਭਗ 20-25 ਅਣਪਛਾਤੇ ਵਿਅਕਤੀ ਵੀ ਘਰ ਅੰਦਰ ਦਾਖਲ ਹੋ ਗਏ।ਜਿਹਨਾ ਨੇ ਰਲ ਕੇ ਮੇਰੇ ਸੱਟਾ ਮਾਰੀਆ ।ਜਿਸ ਤੇ ਮੁੱਕਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ | -- | ਐਸ.ਆਈ ਗੁਰਸੇਵਕ ਸਿੰਘ 9780006337 |
| 3 | ਮਜੀਠਾ | 38 ਮਿਤੀ 14-04-2024 ਜੁਰਮ 61-1-14 ਆਬਕਾਰੀ ਐਕਟ | ਏ.ਐਸ.ਆਈ ਹਰਵੰਤ ਸਿੰਘ 98779-19912 | ਪਿਆਰੀ ਪਤਨੀ ਲੇਟ ਬਖਸੀਸ ਸਿੰਘ ਵਾਸੀ ਪਿੰਡ ਭੰਗਾਲੀ ਖੁਰਦ ਬਰ ਜਮਾਨਤ ਰਿਹਾਅ | ਤਫਤੀਸੀ ਅਫਸਰ ਸਮੇਤ ਸਾਥੀ ਕਰਮਚਾਰੀਆ ਪੁੱਲ ਨਹਿਰ ਗੁਜਰਪੁਰਾ ਮੌਜੂਦ ਸੀ ਕਿ ਮੁਖਬਰ ਖਾਸ ਨੇ ਹਾਜਰ ਆਕੇ ਇਤਾਲਹ ਦਿੱਤੀ ਕਿ ਪਿਆਰੀ ਪਤਨੀ ਲੇਟ ਬਖਸੀਸ ਸਿੰਘ ਵਾਸੀ ਪਿੰਡ ਭੰਗਾਲੀ ਖੁਰਦ ਆਪਣੇ ਘਰ ਵਿਚ ਸਰਾਬ ਨਜੈਜ ਵੇਚਣ ਦਾ ਧੰਦਾ ਕਰਦੀ ਹੈ ਜੇਕਰ ਹੁਣੇ ਰੇਡ ਕੀਤਾ ਜਾਵੇ ਤਾ ਸਰਾਬ ਨਜੈਜ ਸਮੇਤ ਕਾਬੂ ਆ ਸਕਦੀ ਜਿਸਤੇ ਤਫਤੀਸੀ ਅਫਸਰ ਵੱਲੋ ਮੁਖਬਰੀ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ ਤੇ ਦੋਸਣ ਦੇ ਘਰ ਰੇਡ ਕਰਕੇ ਦੋਸਣ ਪਾਸੋ 10 ਬੋਤਲਾ ਸਰਾਬ ਨਜੈਜ ਬਰਾਮਦ ਕੀਤੀ ਗਈ | 10 ਬੋਤਲਾ ਸਰਾਬ ਨਜੈਜ | ਏ.ਐਸ.ਆਈ ਹਰਵੰਤ ਸਿੰਘ 98779-19912 |
| 4 | ਕੱਥੂਨੰਗਲ | 31 ਮਿਤੀ 14.04.2024 ਜੁਰਮ 376, 506 IPC, 6 POCSO Act | ਸੀਤਾ ਦੇਵੀ ਪਤਨੀ ਸਾਧੂ ਰਾਮ ਵਾਸੀ ਕਰਨਾਲਾ ਥਾਣਾ ਕੱਥੂਨੰਗਲ ਜਿਲ੍ਹਾ ਅੰਮ੍ਰਿਤਸਰ 82849-89974 | ਅਜੈ ਪੁੱਤਰ ਸ਼ਾਮ ਲਾਲ ਵਾਸੀ ਕਰਨਾਲਾ ਗ੍ਰਿਫਤਾਰ | ਮੁਦਈਆ ਨੇ ਬਿਆਨ ਕੀਤਾ ਕਿ ਮੈ ਉਕਤ ਪਤੇ ਦੀ ਰਹਿਣ ਵਾਲੀ ਹਾਂ ਅਤੇ ਮੇਰੀ ਸ਼ਾਦੀ ਸਾਧੂ ਰਾਮ ਪੁੱਤਰ ਪ੍ਰੇਮ ਚੰਦ ਵਾਸੀ ਕਰਨਾਲਾ ਨਾਲ ਕ੍ਰੀਬ 21 ਸਾਲ ਪਹਿਲਾਂ ਹੋਈ ਸੀ। ਮੇਰੇ ਚਾਰ ਬੱਚੇ ਹਨ ਵੱਡਾ ਲੜਕਾ ਸੂਰਜ, ਉਸ ਤੋ ਛੋਟੀ ਲੜਕੀ ਟੀਨਾ, ਉਸ ਤੋ ਛੋਟੀ ਰੂਪਾ ਅਤੇ ਉਸ ਤੋ ਛੋਟੀ ਭਾਵਨਾ। ਮੈ, ਮੇਰਾ ਪਤੀ ਸਾਧੂ ਰਾਮ, ਲੜਕਾ ਸੂਰਜ ਅਤੇ ਲੜਕੀ ਟੀਨਾ ਲੁੱਧੜ ਭੱਠੇ ਤੇ ਮਜਦੂਰੀ ਦਾ ਕੰਮ ਕਰਦੇ ਹਾਂ। ਅਤੇ ਮੇਰੀ ਛੋਟੀ ਲੜਕੀ ਭਾਵਨਾ ਸਰਕਾਰੀ ਮਿਡਲ ਸਕੂਲ ਕਰਨਾਲਾ ਪੜਨ ਜਾਂਦੀ ਸੀ ਅਤੇ ਲੜਕੀ ਰੂਪਾ ਘਰ ਵਿੱਚ ਇਕੱਲੀ ਰਹਿਦੀ ਸੀ। ਮੇਰੀ ਲੜਕੀ ਰੂਪਾ ਦੀ ਤਬੀਅਤ ਖਰਾਬ ਹੋਣ ਤੇ ਮੈਂ ਅਤੇ ਮੇਰਾ ਪਤੀ ਸਾਧੂ ਰਾਮ ਪਿੰਡ ਵਿੱਚ ਹੀ ਡਾਕਟਰ ਲੁਕੇਸ਼ ਕੋਲ ਗਏ ਅਤੇ ਉਸਨੇ ਮੇਰੀ | -- | SI ਕੋਮਲਪ੍ਰੀਤ ਕੌਰ 7814173304 |

| | | | | | | | |
|---|---|---|---|---|---|---|---|
| | | | | | ਲੜਕੀ ਦਾ ਚੈੱਕਅੱਪ ਕਰਕੇ ਬੁਖਾਰ ਤੇ ਸਿਰ ਦਰਦ ਦੀ ਦਵਾਈ ਦਿੱਤੀ ਅਤੇ ਮੈਨੂੰ ਆਪਣੀ ਲੜਕੀ ਤੇ ਸ਼ੱਕ ਹੋਇਆ ਕਿ ਇਸ ਨੂੰ ਪੀਰੀਅਡਸ ਨਹੀ ਆ ਰਹੇ ਫਿਰ ਮੇਰੀ ਬੇਟੀ ਨੇ ਦੱਸਿਆ ਕਿ "ਸਾਡੇ ਪਿੰਡ ਦਾ ਗੁਆਂਢ ਵਿੱਚ ਰਹਿੰਦਾ ਲੜਕਾ ਅਜੈ ਪੁੱਤਰ ਸ਼ਾਮ ਲਾਲ ਤੁਹਾਡੇ ਜਾਣ ਤੋ ਬਾਅਦ ਘਰ ਵਿੱਚ ਆ ਜਾਂਦਾ ਸੀ ਤੇ ਮੇਰੇ ਨਾਲ ਜਬਰਦਸਤੀ ਗਲਤ ਕੰਮ ਕਰਦਾ ਸੀ ਜੋ ਕਿ ਕ੍ਰੀਬ ਇੱਕ ਸਾਲ ਤੋ ਮੇਰੇ ਨਾਲ ਗਲਤ ਕੰਮ ਕਰਦਾ ਆ ਰਿਹਾ ਹੈ ਅਤੇ ਮੈਨੂੰ ਉਸਨੇ ਕਿਹਾ ਸੀ ਕਿ ਜੇਕਰ ਤੂੰ ਇਹ ਗੱਲ ਕਿਸੇ ਹੋਰ ਨੂੰ ਦੱਸੀ ਤਾਂ ਮੈ ਤੈਨੂੰ ਮਾਰ ਦੇਣਾ ਹੈ ਅਤੇ ਮੈ ਡਰਦੀ ਮਾਰੀ ਨੇ ਤੁਹਾਨੂੰ ਇਹ ਗੱਲ ਨਹੀ ਦੱਸੀ ਅਤੇ ਮੈਨੂੰ ਪੀਰੀਅਡਸ ਆਏ ਨੂੰ ਵੀ 4 ਮਹੀਨੇ ਹੋ ਗਏ ਹਨ।" ਜਿਸਤੇ ਮੈ ਆਪਣੇ ਪਤੀ ਸਾਧੂ ਰਾਮ ਨੂੰ ਇਹ ਸਾਰੀ ਗੱਲ ਦੱਸੀ । ਜੋ ਕਿ ਅਜੈ ਪੁੱਤਰ ਸ਼ਾਮ ਲਾਲ ਵਾਸੀ ਕਰਨਾਲਾ ਨੇ ਮੇਰੀ ਲੜਕੀ ਰੂਪਾ ਜਿਸਦੀ ਉਮਰ ਕ੍ਰੀਬ 15 ਸਾਲ ਹੈ ਉਸ ਨੂੰ ਡਰਾ ਧਮਕਾ ਕੇ ਉਸ ਨਾਲ ਜਬਰਦਸਤੀ ਬਲਾਤਕਾਰ ਕਰਕੇ ਉਸ ਨੂੰ ਪ੍ਰੈਗਨੈਟ ਕਰਕੇ ਬਹੁਤ ਗਲਤ ਕੰਮ ਕੀਤਾ ਹੈ। ਜਿਸਤੇ ਅੱਜ ਮੈ ਆਪਣੇ ਪਤੀ ਸਾਧੂ ਰਾਮ ਨੂੰ ਨਾਲ ਲੈ ਕੇ ਹਾਜਰ ਥਾਣਾ ਆ ਕੇ ਆਪ ਜੀ ਪਾਸ ਆਪਣਾ ਬਿਆਨ ਲਿਖਵਾ ਦਿੱਤਾ ਸੁਣ ਲਿਆ ਠੀਕ ਹੈ। ਦਾਅਵੇਦਾਰ ਹਾਂ ਕਾਰਵਾਈ ਕੀਤੀ ਜਾਵੇ ਜੀ।। ਜਿਸਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ । | | |
| 5 | ਬਿਆਸ | 65 ਮਿਤੀ 14-4-2024 ਜੁਰਮ 336 ਭ:ਦ 25-27-54-59 ਅਸਲਾ ਐਕਟ | ਰਿਪਨਪਾਲ ਸਿੰਘ ਪੁੱਤਰ ਸ਼ਾਦੀ ਲਾਲ ਵਾਸੀ ਭਗਤਾ ਵਾਲੀ ਗਲੀ ਬਿਆਸ<br>ਉਮਰ 48 ਸਾਲ<br>70093-12048 | ਨਾਮਲੂਮੱ | ਇਹ ਮੁੱਕਦਮਾ ਬਰ ਬਿਆਨ ਰਿਪਨਪਾਲ ਸਿੰਘ ਪੁੱਤਰ ਸ਼ਾਦੀ ਲਾਲ ਵਾਸੀ ਭਗਤਾ ਵਾਲੀ ਗਲੀ ਬਿਆਸ ਦਰਜ ਰਜਿਸਟਰ ਕੀਤਾ ਗਿਆ ਕਿ ਮਿਤੀ 13-4-2024 ਦੀ ਰਾਤ ਨੂੰ ਵਕਤ ਕਰੀਬ 10:58 ਮੁੱਦਈ ਮੁੱਕਦਮਾ ਤੇ ਉਸਦਾ ਭਰਾ ਰੋਜਾਨਾ ਦੀ ਤਰਾ ਰੋਟੀ ਪਾਣੀ ਖਾ ਕੇ ਆਪਣੀ ਕੋਟੀ ਵਿੱਚ ਸੌਣ ਲੱਗੇ ਤਾ ਕੋਠੀ ਦੇ ਬਾਹਰੋ ਫਾਇਰ ਦੀ ਆਵਾਜ ਸੁਣਾਈ ਦਿੱਤੀ ਜੋ ਉਹਨਾ ਦੀ ਕੋਠੀ ਦੀ ਡਬਲ ਸਟੋਰੀ ਪਰ ਲੱਗੇ ਸੀਸੇ ਪਰ ਲੱਗੇ ਜਿਸ ਨਾਲ ਸੀਸਾ ਟੁੱਟ ਕੇ ਖਿਲਰ ਗਿਆ। ਜਦ ਮੁੱਦਈ ਮੁੱਕਦਮਾ ਨੇ ਬਾਹਰ ਨਿਕਲ ਕੇ ਦੇਖਿਆ ਤਾ ਗਲੀ ਵਿੱਚੋ 6 ਰੌਂਦ ਜਿੰਨਾ ਉਪਰ 7.65 KF ਲਿਖਿਆ ਸੀ ਬਰਾਮਦ ਹੋਏ । ਜਿਸਤੇ ਮੁੱਕਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ । | 6 ਰੌਂਦ ਜਿੰਨਾ ਉਪਰ 7.65 KF ਲਿਖਿਆ<br><br>ਟੁੱਟਾ ਹੋਇਆ ਸ਼ੀਸਾ | ਐਸ ਆਈ ਗੁਰਮੀਤ ਸਿੰਘ<br>9780006312 |
| 6 | ਬਿਆਸ | 66 ਮਿਤੀ 14-4-24 ਜੁਰਮ 61-1-14 ਆਬਕਾਰੀ ਐਕਟ | ਏ.ਐਸ.ਆਈ ਸਮਸ਼ੇਰ ਸਿੰਘ | ਹਰਪਾਲ ਸਿੰਘ ਉਰਫ ਲਾਡੀ ਪੁੱਤਰ ਬਲਵਿੰਦਰ ਸਿੰਘ ਵਾਸੀ ਵਜੀਰ ਭੁੱਲਰ<br>ਬਰ ਜਮਾਨਤ ਰਿਹਾਅ | ਏ.ਐਸ.ਆਈ ਸਮਸ਼ੇਰ ਸਿੰਘ ਸ਼ਮੇਤ ਪੁਲਿਸ ਪਾਰਟੀ ਗਸਤ ਕਰਦੀ ਹੋਈ ਵਜੀਰ ਭੁੱਲਰ ਪੁੱਜੀ ਤਾ ਮੁੱਖਬਰ ਖਾਸ ਨੇ ਇਤਲਾਹ ਦਿਤੀ ਕਿ ਹਰਪਾਲ ਸਿੰਘ ਉਰਫ ਲਾਡੀ ਪੁੱਤਰ ਬਲਵਿੰਦਰ ਸਿੰਘ ਵਾਸੀ ਵਜੀਰ ਭੁੱਲਰ ਆਪਣੇ ਘਰ ਵਿੱਚ ਸ਼ਰਾਬ ਨਜੈਜ ਵੇਚਣ ਦਾ ਧੰਦਾ ਕਰਦਾ ਹੈ ਜਿਸ ਤੇ ਕੀਤਾ ਜਾਵੇ ਤਾ ਸਰਾਬ ਨਜੈਜ ਸਮੇਤ ਕਾਬੂ ਆ ਸਕਦਾ ਹੈ ਜਿਸ ਪਰ ਦੋਸੀ ਦੇ ਘਰ ਰੇਡ ਕਰਕੇ ਦੋਸੀ ਪਾਸੋ 6750 ਐਮ.ਐਲ ਨਜਾਇਜ ਸਰਾਬ ਬਰਾਮਦ ਕੀਤੀ ਗਈ | 6750 ਐਮ.ਐਲ ਨਜਾਇਜ ਸਰਾਬ | ਏ ਐਸ ਆਈ ਸਮਸ਼ੇਰ ਸਿੰਘ |
| 7 | ਅਜਨਾਲਾ | 61 ਮਿਤੀ 14-04-24 ਜੁਰਮ 153-ਏ,295-ਏ,506 ਭ.ਦ | INSP ਹਰਪਾਲ ਸਿੰਘ<br>9855219034 | ਪਵਨ ਸਰੀਨ ਪੁੱਤਰ ਸੰਤੋਸ਼ ਸਰੀਨ ਵਾਸੀ ਵਾਰਡ ਨੰਬਰ 12 ਅਜਨਾਲਾ<br>ਗ੍ਰਿਫਤਾਰੀ ਨਿੱਲ | ਮਨ ਏ.ਐਸ.ਆਈ ਸਮੇਤ ਪੁਲਿਸ ਪਾਰਟੀ ਗਸਤ ਬਾ ਤਲਾਸ ਭੈੜੇ ਪੁਰਸਾ ਦੇ ਸਬੰਧ ਵਿੱਚ ਮੇਨ ਚੌਕ ਅਜਨਾਲਾ ਵਿਖੇ ਮੌਜੂਦ ਸੀ ਕਿ ਜਿੱਥੇ ਮੁਖਬਰ ਖਾਸ ਨੇ ਹਾਜਰ ਆ ਕੇ ਅਲੈਹਦਗੀ ਵਿੱਚ ਮੈਨੂੰ ਦੱਸਿਆ ਕਿ ਪਵਨ ਸਰੀਨ ਪੁੱਤਰ ਸੰਤੋਸ਼ ਸਰੀਨ ਵਾਸੀ ਵਾਰਡ ਨੰਬਰ 12 ਅਜਨਾਲਾ ਸ਼ਿਵ ਸੈਨਾ ਰਾਸ਼ਟਰੀਏ ਭਗਵਾਂ ਸੈਨਾ ਸੰਗਠਨ ਉੱਤਰ ਭਾਰਤ ਪਰਮੁੱਖ ਨੇ ਆਪਣੇ ਫੇਸਬੁਕ ਅਕਾਊਟ ਰਾਹੀ ਦੋ ਫਿਰਕਿਆ ਨੂੰ ਭੜਕਾਉਣ ਵਾਲੀ ਮਾੜੀ ਸਬਦਾਵਲੀ ਲਿਖ ਕੇ ਪੋਸਟਾਂ ਕਰ ਰਿਹਾ ਹੈ। ਇਸ ਤਰ੍ਹਾ ਇਸਦੀਆਂ ਇਸ ਪੋਸਟਾਂ ਵਿਚ ਲਿਖੀ ਗਈ ਭੜਕਾਉ ਸਬਦਾਵਲੀ ਨਾਲ ਇੱਕ ਫਿਰਕੇ ਵੱਲੋਂ ਪੰਜਾਬ ਦੇ ਦੂਸਰੇ ਫਿਰਕੇ ਬਰਖਿਲਾਫ ਆਪਸ ਵਿੱਚ ਲੜਾਈ ਝਗੜਾ ਕਰਕੇ ਦੰਗੇ ਫਸਾਦ ਹੋ ਸਕਦੇ ਹਨ ਅਤੇ ਅਜਿਹਾ ਕਰਨ ਨਾਲ ਪੰਜਾਬ ਦਾ ਮਾਹੌਲ ਕਾਫੀ ਜਿਆਦਾ ਖਰਾਬ ਹੋ ਕੇ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ। ਇਸ ਨੇ ਇਸ ਤਰ੍ਹਾ ਦੀਆਂ ਪੋਸਟਾਂ ਪਾਕੇ ਦੋ ਫਿਰਕਿਆਂ ਦੀਆਂ ਧਰਮਿਕ ਭਾਵਨਾਵਾਂ ਨੂੰ ਠੇਸ ਪੁਹੰਚਾਣ ਦਾ ਕੰਮ ਕੀਤਾ ਹੈ। ਇਸ ਦੇ ਇਸ ਤਰ੍ਹਾ ਕਰਨ ਦੇ ਨਾਲ ਦੋ ਧਾਰਮਿਕ ਫਿਰਕਿਆਂ ਵਿੱਚ ਦੁਸ਼ਮਣੀ ਵੱਧ ਸਕਦੀ ਹੈ ਅਤੇ ਆਪਸੀ ਭਾਈਚਾਰੇ ਨੂੰ ਠੇਸ ਪਹੁੰਚ ਸਕਦੀ ਹੈ। ਪਵਨ ਸਰੀਨ ਵੱਲੋਂ ਪਹਿਲਾਂ ਵੀ ਇਸ ਪ੍ਰਕਾਰ ਦੀਆਂ ਕਈ ਪੋਸਟਾਂ ਪਾਈਆਂ ਗਈਆਂ ਹਨ। ਪਵਨ ਸਰੀਨ ਪੁੱਤਰ ਸੰਤੋਸ਼ ਸਰੀਨ ਵਾਸੀ ਵਾਰਡ ਨੰਬਰ 12 ਅਜਨਾਲਾ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਤਫਤੀਸ ਕੀਤੀ ਜਾਣੀ ਬਣਦੀ ਹੈ | - | INSP ਹਰਪਾਲ ਸਿੰਘ<br>9855219034 |
| 8 | ਲੋਪੋਕੇ | 77 ਮਿਤੀ 14/04/2024 21.61.85 NDPS ACT | ASI ਰਛਪਾਲ ਸਿੰਘ<br>95929-21653 | ਸੁਖਵਿੰਦਰ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਲੋਪੋਕੇ ਗ੍ਰਿਫਤਾਰ | ਮਨ ASI ਸਮੇਤ ਸਾਥੀ ਕਰਮਚਾਰੀਆ ਗਸਤ ਦੇ ਸਬੰਧ ਵਿਚ ਕਸਬਾ ਲੋਪੋਕੇ ਨੂੰ ਜਾ ਰਹੇ ਸੀ ਕਿ ਜਦ ਪੁਲਿਸ ਪਾਰਟੀ ਲੋਪੋਕੇ ਚੋਕ ਪੈਟਰੋਲ ਪੰਪ ਨੈੜੇ ਪੁੱਜੀ ਤਾ ਸਾਹਮਣੇ ਤੋ ਇਕ ਸਰਦਾਰ ਵਿਅਕਤੀ ਆਉਦਾ ਦਿਖਾਈ ਦਿਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਕਾਹਲੀ ਕਦਮੀ ਹੋ ਤੁਰਿਆ ਜਿਸ ਨੂੰ ਸ਼ੱਕ ਦੀ ਬਨਾਹ ਤੇ ਕਾਬੂ ਕਰਕੇ ਨਾਮ ਪਤਾ ਪੁਛਿਆ ਜਿਸ ਨੇ ਆਪਣਾ ਸੁਖਵਿੰਦਰ ਸਿੰਘ ਉਰਫ ਗਿਆਨੀ ਪੁੱਤਰ ਜਗੀਰ ਸਿੰਘ ਵਾਸੀ ਲੋਪੋਕੇ ਦੱਸਿਆ ਜਿਸ ਪਾਸੋ 10 ਗ੍ਰਾਮ ਹੈਰੋਇਨ ਬ੍ਰਾਮਦ ਕਰਕੇ ਮੁਕੱਦਮਾ ਦਰਜ | 10 ਗ੍ਰਾਮ ਹੈਰੋਇਨ | ASI ਰਛਪਾਲ ਸਿੰਘ<br>95929-21653 |

| | | | | | | | |
|---|---|---|---|---|---|---|---|
| | | | | | ਕੀਤਾ ਗਿਆ। | | |

ਪੁਲਿਸ ਕੰਟੋਰਲ ਰੂਮ
ਅੰਮ੍ਰਿਤਸਰ(ਦਿਹਾਤੀ)
ਮਿਤੀ 15-04-2024